ਪਵਨ ਗੁਲਾਟੀ

ਦਿਨ-ਵਾਰ-ਮਹੀਨੇ



ਦਿਨ-ਵਾਰ-ਮਹੀਨੇ

(ਵਾਰਤਕ)

ਪਵਨ ਗੁਲਾਟੀ

ਚੇਤਨਾ ਪ੍ਰਕਾਸ਼ਨ

ਪੰਜਾਬੀ ਭਵਨ, ਲੁਧਿਆਣਾ

ਇਸੇ ਕਲਮ ਤੋਂ :-

ਬੁੱਢਾ ਤੇ ਸਮੁੰਦਰ (ਅਰਨੈਸਟ ਹੈਮਿੰਗਵੇ) ***(ਅੰਗਰੇਜ਼ੀ ਤੋਂ ਅਨੁਵਾਦ)***

Me and Poetry (*Poems of Manga Sing Basi)*

Across the Bridge **ਪੁੱਲਾਂ ਤੋਂ ਪਾਰ** *(Poetry of Harbhajan Halwarvi)*

Emerging Suns *(Poetry of Sukhwinder Kamboj)*

Lamps of Blood (*Poetry of Manjit Meet)*

ਆਧੁਨਿਕਤਾ ਅਤੇ ਪੰਜਾਬੀ ਨਾਵਲ ***(ਸੰਪਾਦਤ)***

ਉੱਤਰ ਬਸਤੀਵਾਦ ਤੋਂ ਪਾਰ (ਜਸਬੀਰ ਜੈਨ) ਆਲੋਚਨਾ ***(ਅੰਗਰੇਜ਼ੀ ਤੋਂ ਅਨੁਵਾਦ)***

ਅਮੀਨਾ (ਨਾਵਲ / ਮੁਹੰਮਦ ਕਬੀਰ ਉਮਰ) ***(ਅੰਗਰੇਜ਼ੀ ਤੋਂ ਅਨੁਵਾਦ)***

ਜਲਾਵਤਨੀ (ਨਾਵਲ / ਨਵਤੇਜ ਸਰਨਾ) ***(ਅੰਗਰੇਜ਼ੀ ਤੋਂ ਅਨੁਵਾਦ)***

Din-Var-Mahine

by
Pawan Gulati ©
Street No. 6, Devi Wala Road,
Kotakpura-151204
Mob. 95010-26551

ISBN : 978-93-82852-62-9

Rs. 50/-

ਪਹਿਲੀ ਵਾਰ 2014, ਦੂਜੀ ਵਾਰ 2017

Printed and Bound In India

Published by:
Chetna Parkashan
PUNJABI BHAWAN, **LUDHIANA** (Pb.) INDIA
Ph. 0161-2413613, 2404928, Website: www.chetnaparkashan.com
E-mail: chetnaparkashan@sify.com, chetnaparkashan@gmail.com
Sub Off.: Qila Road, Opp. Bus Stand, **KOTKAPURA** (Pb.) INDIA
Ph.: 95011-45039
Printer : R.K. Offset, Delhi

*

ਸਮਰਪਣ

ਪੀਨਾਜ਼

ਅਤੇ

ਆਕਾਸ਼

ਦੇ

ਨਾਂ

ਤਰਤੀਬ

ਦਿਨ ਵਾਰ ਮਹੀਨੇ

ਕੀ ਤੁਸੀਂ ਕਦੇ ਸੋਚਿਆ ਹੈ ਕਿ ਦਿਨਾਂ ਤੇ ਮਹੀਨਿਆਂ ਦੇ ਨਾਵਾਂ ਦਾ ਕੀ ਅਰਥ ਹੈ?

ਕੀ ਸਾਰੀ ਦੁਨੀਆਂ 'ਚ ਇਨ੍ਹਾਂ ਦੇ ਇਕੋ ਜਿਹੇ ਅਰਥ ਹਨ?

ਚਲੋਂ ਆਪਾਂ ਆਮ ਸਮਝੇ ਜਾਂਦੇ ਪੰਜਾਬੀ ਤੇ ਅੰਗਰੇਜ਼ੀ ਨਾਵਾਂ ਬਾਰੇ ਗੱਲ ਕਰਦੇ ਹਾਂ :

ਸੋਮਵਾਰ	:	Monday
ਮੰਗਲਵਾਰ	:	Tuesday
ਬੁੱਧਵਾਰ	:	Wednesday
ਵੀਰਵਾਰ	:	Thursday
ਸ਼ੁੱਕਰਵਾਰ	:	Friday
ਸ਼ਨਿੱਚਰਵਾਰ	:	Saturday
ਐਤਵਾਰ	:	Sunday

ਦਿਨ ਨੂੰ ਦਿਨ ਕਿਉਂ ਕਹਿੰਦੇ ਹਨ ?

ਅੰਗਰੇਜ਼ੀ ਵਿਚ Day ਸ਼ਬਦ ਪ੍ਰਾਚੀਨ ਅੰਗਰੇਜ਼ੀ ਸ਼ਬਦ Dag ਤੋਂ ਉਤਪੰਨ ਹੋਇਆ। ਜਰਮਨ ਵਿਚ Tag, ਨਾਰਵੇਜੀਅਨ, ਡੈਨਿਸ਼, ਸਵੀਡਿਸ਼ ਤੇ ਡੱਚ ਭਾਸ਼ਾ 'ਚ Dag.

ਯੂਨਾਨੀ ਸ਼ਬਦ Nychthemeron ਨੂੰ ਅੰਗਰੇਜ਼ੀ ਵਿਚ Night-day ਕਿਹਾ ਜਾਂਦਾ ਹੈ- ਅਰਥਾਤ ਰਾਤ ਤੇ ਦਿਨ।

ਦਿਨ ਤੇ ਰਾਤ ਨੂੰ ਪਹਿਲਾਂ 'ਪਹਿਰਾਂ' ਵਿਚ ਵੰਡਿਆ ਜਾਂਦਾ ਸੀ।

ਚਾਰ ਪਹਿਰ ਦਿਨ ਤੇ ਚਾਰ ਪਹਿਰ ਰਾਤ।

ਇਕ ਪਹਿਰ ਦਾ ਸਮਾਂ ਤਿੰਨ ਘੰਟੇ ਮੰਨਿਆ ਜਾਂਦਾ ਸੀ।

ਹਰੇਕ ਪਹਿਰ ਲਈ ਵੱਖਰੇ ਸ਼ਬਦ ਪ੍ਰਚਲਤ ਹਨ ਜਿਵੇਂ ਦੁਪਹਿਰ (ਦੂਜਾ ਪਹਿਰ) ਤੀਜਾ ਪਹਿਰ (ਲੌਢਾ ਵੇਲਾ)।

ਚੰਦਰਮਾ ਅਨੁਸਾਰ ਦਿਨਾਂ ਦਾ ਮਾਪ .

ਤੁਸੀਂ ਪੰਡਿਤਾਂ ਜਾਂ ਬਜ਼ੁਰਗ ਔਰਤਾਂ ਨੂੰ ਏਕਮ, ਦੂਜ, ਤੀਜ, ਚੌਥ, ਮੱਸਿਆ ਜਾਂ ਪੂਰਨਮਾਸ਼ੀ ਬਾਰੇ ਗੱਲਾਂ ਕਰਦਿਆਂ ਸੁਣਿਆ ਹੋਵੇਗਾ। ਬਿਕਰਮੀ ਸੰਮਤ ਤੇ ਪ੍ਰਾਚੀਨ ਕੈਲੰਡਰ ਚੰਦਰਮਾ ਅਨੁਸਾਰ ਸਮਾਂ ਮਾਪਦੇ ਹਨ। ਇਸ ਤਰ੍ਹਾਂ ਉਹ ਦਿਨਾਂ ਦੀ ਗਿਣਤੀ ਮਹੀਨੇ ਦੇ ਕਈ ਦਿਨਾਂ ਵਿਚ ਚੰਦਰਮਾ ਦੇ ਵਧਣ ਘਟਣ ਅਨੁਸਾਰ ਕਰਦੇ ਹਨ ਵਿਸ਼ੇਸ਼ ਕਰਕੇ ਪੂਰਨਮਾਸ਼ੀ ਤੇ ਮੱਸਿਆ ਤੋਂ ਅਗਲੇ ਦਿਨ ਨੂੰ ਏਕਮ ਆਖਦੇ ਹਨ। ਪੂਰਨਮਾਸ਼ੀ ਤੋਂ ਬਾਅਦ ਚੰਦਰਮਾ ਦਾ ਆਕਾਰ ਘਟਣਾ ਸ਼ੁਰੂ ਹੋ ਜਾਂਦਾ ਹੈ ਅਤੇ ਮੱਸਿਆ ਤੋਂ ਬਾਅਦ ਵਧਣਾ। ਸੱਤ ਦਿਨ ਬਾਅਦ ਚੰਦਰਮਾ ਅੱਧੀ ਰੋਟੀ ਵਰਗਾ ਲਗਦਾ ਹੈ। ਚੌਦਾਂ ਦਿਨ ਬਾਅਦ ਚੰਦਰਮਾ ਪੂਰਾ ਰੌਸ਼ਨ ਹੁੰਦਾ ਹੈ ਤਾਂ ਪੂਰਨਮਾਸ਼ੀ ਕਹਿੰਦੇ ਹਨ ਤੇ 28-30 ਦਿਨ ਪੂਰਾ ਹਨੇਰਾ ਪੱਖ ਹੁੰਦਾ ਹੈ ਤਾਂ ਇਸ ਨੂੰ ਮੱਸਿਆ ਕਹਿੰਦੇ ਹਨ। ਅੰਗਰੇਜ਼ੀ ਵਿਚ Full Moon, Half Moon ਤੇ No Moon ਸ਼ਬਦ ਪ੍ਰਚਲਤ ਹਨ।

ਆਮ ਤੌਰ 'ਤੇ ਪੂਰਨਮਾਸ਼ੀ ਤੇ ਮੱਸਿਆ ਵਿਚਕਾਰ 14 ਦਿਨ ਦਾ ਅੰਤਰ ਹੁੰਦਾ ਹੈ। ਸਾਡੇ ਦੇਸ਼ ਵਿਚ ਬਹੁਤੇ ਲੋਕ ਅਜੇ ਵੀ ਵਿਆਹ, ਸ਼ਾਦੀ ਦੀਆਂ ਰਸਮਾਂ ਦੇਸੀ ਮਹੀਨਿਆਂ ਤੇ ਦਿਨਾਂ ਦੀ ਗਿਣਤੀ ਮਿਣਤੀ ਨੂੰ ਧਿਆਨ ਵਿਚ ਰੱਖ ਕੇ ਕਰਦੇ ਹਨ।

ਅੰਗਰੇਜ਼ੀ ਦਿਨ

ਅਸਲ ਵਿਚ ਦਿਨਾਂ ਦੇ ਨਾਂ ਦਾ ਅੰਗਰੇਜ਼ੀ ਨਾਲ ਬਹੁਤਾ ਸੰਬੰਧ ਨਹੀਂ। ਇਸ ਦਾ ਸੰਬੰਧ ਸੂਰਜ ਪਰਿਵਾਰ ਨਾਲ ਹੈ। ਯੂਨਾਨੀ, ਜਰਮਨ, ਲਾਤੀਨੀ, ਇਤਾਲਵੀ, ਪੁਰਤਗੇਜ਼ੀ, ਫਰਾਂਸੀਸੀ ਚੀਨੀ ਆਦਿ ਬਹੁਗਿਣਤੀ ਵਿਚ ਸੱਭਿਆਤਾਵਾਂ ਸੂਰਜੀ ਪਰਿਵਾਰ ਅਨੁਸਾਰ ਦਿਨਾਂ ਦਾ ਨਾਮਕਰਣ ਕਰਦੇ ਹਨ। ਭਾਰਤੀ ਤਾਰਾ ਵਿਗਿਆਨ ਨੇ ਇਸੇ ਨਾਮਕਰਣ ਨੂੰ ਅਪਣਾਇਆ ਹੋਇਆ ਹੈ। ਇਸ ਨਾਮਕਰਣ ਅਨੁਸਾਰ ਦਿਨਾਂ ਦੇ ਨਾਵਾਂ ਦਾ ਅਰਥ ਹੇਠ ਲਿਖੇ ਅਨੁਸਾਰ ਹੈ:

1. ਐਤਵਾਰ/ਰਵੀਵਾਰ/Sunday

ਇਸ ਦਾ ਅਰਥ ਹੈ ਸੂਰਜ ਦਾ ਦਿਨ। ਹਿੰਦੀ ਵਿਚ ਸੂਰਜ ਨੂੰ ਰਵੀ ਆਖਦੇ ਹਨ। ਗੁਜਰਾਤੀ ਤੇ ਮਰਾਠੀ ਵਿਚ ਵੀ ਇਸ ਦਿਨ ਨੂੰ ਰਵੀਵਾਰ ਕਿਹਾ ਜਾਂਦਾ ਹੈ। ਉਰਦੂ ਵਿਚ ਇਤਵਾਰ ਤੇ ਪੰਜਾਬੀ ਵਿੱਚ ਐਤਵਾਰ।

2. ਸੋਮਵਾਰ/Monday

ਸੋਮਵਾਰ ਅਰਥਾਤ ਸੋਮ ਦਾ ਦਿਨ/ਅੰਗਰੇਜ਼ੀ ਵਿਚ Monday ਅਰਥਾਤ Moon's day. ਹਿੰਦੀ, ਮਰਾਠੀ, ਪੰਜਾਬੀ, ਗੁਜਰਾਤੀ ਵਿਚ ਚੰਦਰਮਾ ਨੂੰ ਸੋਮ ਕਹਿੰਦੇ ਹਨ ਜਦਕਿ ਸੰਸਕ੍ਰਿਤ ਇੰਦੂ। ਇਸ ਤਰ੍ਹਾਂ ਸੋਮਵਾਰ ਚੰਦਰਮਾ ਦਾ ਦਿਨ।

3. ਮੰਗਲਵਾਰ/Tuesday

ਨਾਮ ਤੋਂ ਹੀ ਸਪਸ਼ਟ ਹੈ ਕਿ ਮੰਗਲਵਾਰ ਦਾ ਨਾ ਮੰਗਲ ਗ੍ਰਹਿ ਤੋਂ ਪਿਆ ਹੈ। ਅੰਗਰੇਜ਼ੀ ਵਿਚ Tues- ਲਾਤੀਨੀ ਸ਼ਬਦ Martis 'ਤੇ ਅਧਾਰਤ ਹੈ ਜਿਸ ਦਾ ਅਰਥ ਹੈ Mars. Mars ਨੂੰ ਪੰਜਾਬੀ ਵਿਚ ਮੰਗਲ ਆਖਦੇ ਹਨ। ਇਸ ਤਰ੍ਹਾਂ ਮੰਗਲਵਾਰ ਦਾ ਨਾਂ ਮੰਗਲਗ੍ਰਹਿ ਤੋਂ ਪਿਆ ਹੈ।

4. ਬੁੱਧਵਾਰ/Wednesday

ਬੁੱਧਵਾਰ ਦਾ ਨਾਂ ਬੁੱਧ ਗ੍ਰਹਿ ਤੋਂ ਪਿਆ ਹੈ। Wednesday ਜਰਮਨ ਸ਼ਬਦ Wod on / odin 'ਤੇ ਅਧਾਰਤ ਹੈ। ਲਾਤੀਨੀ ਵਿਚ ਇਸ ਸ਼ਬਦ ਨੂੰ Mercuri ਆਖਦੇ ਹਨ। ਹਿੰਦੀ, ਮਰਾਠੀ, ਬੰਗਾਲੀ, ਗੁਜਰਾਤੀ, ਤੈਲਗੂ ਤੇ ਪੰਜਾਬੀ ਵਿਚ ਇਸ ਨੂੰ ਬੁੱਧ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਤਰ੍ਹਾਂ ਬੁੱਧਵਾਰ ਬੁੱਧਗ੍ਰਹਿ ਜਾਂ ਬੁੱਧ ਦੇਵਤਾ ਦੇ ਨਾਂ 'ਤੇ ਅਧਾਰਤ ਹੈ।

5. ਵੀਰਵਾਰ/Thursday

ਵੀਰਵਾਰ ਜਾਂ ਬ੍ਰਹਿਸਪਤੀਵਾਰ ਨੂੰ ਹਿੰਦੀ ਵਿਚ ਗੁਰੂਵਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਅੰਗਰੇਜ਼ੀ ਵਿਚ Thursday, Jupitar ਸ਼ਬਦ ਤੇ ਅਧਾਰਤ ਹੈ।

Jupitar ਸਭ ਤੋਂ ਵੱਡਾ ਗ੍ਰਹਿ ਹੈ। ਸੰਸਕ੍ਰਿਤ ਵਿਚ ਇਸਨੂੰ ਬ੍ਰਹਿਸਪਤੀ ਕਿਹਾ ਜਾਂਦਾ ਹੈ ਅਤੇ ਗੁਰੂ ਵੀ।

ਇਸ ਤਰ੍ਹਾਂ ਵੀਰਵਾਰ ਦਾ ਨਾਂ ਬ੍ਰਹਿਸਪਤੀ ਗ੍ਰਹਿ 'ਤੇ ਅਧਾਰਤ ਹੈ। ਪਰੰਤੂ ਪ੍ਰਾਚੀਨ ਸਭਿਅਤਾ ਤੇ ਮਿਥ ਨੇ ਇਸ ਨੂੰ ਬ੍ਰਹਿਸਪਤੀ ਦੇਵਤਾ ਨਾਲ ਜੋੜਿਆ ਹੈ ਅਤੇ ਇਸ ਨੂੰ ਬਹੁਤ ਪਵਿੱਤਰ ਦਿਨ ਮੰਨਿਆ ਹੈ।

6. ਸ਼ੁੱਕਰਵਾਰ/Friday

ਸ਼ੁੱਕਰਵਾਰ ਦਾ ਨਾਂ ਸ਼ੁੱਕਰ ਗ੍ਰਹਿ ਤੋਂ ਪਿਆ ਹੈ। ਲਾਤੀਨੀ ਵਿਚ Day of The Venus ਦੇ ਤੌਰ 'ਤੇ ਜਾਣਿਆ ਗਿਆ। Venus ਸ਼ਬਦ ਹੀ ਪ੍ਰਚਲਤ ਹੋ ਕੇ Friday ਬਣ ਗਿਆ। ਇਸ ਤਰ੍ਹਾਂ ਇਹ ਦਿਨ ਸ਼ੁੱਕਰਵਾਰ ਗ੍ਰਹਿ ਦੇ ਨਾਂ 'ਤੇ ਅਧਾਰਤ ਹੋਇਆ।

7. ਸ਼ਨਿੱਚਰਵਾਰ/Saturday

ਜਿਵੇਂ ਕਿ ਨਾਂ ਤੋਂ ਸਪਸ਼ਟ ਹੈ, ਇਸਦਾ ਨਾਮ ਸ਼ਨੀ ਗ੍ਰਹਿ ਤੋਂ ਪਿਆ ਹੈ। ਅੰਗਰੇਜ਼ੀ ਵਿਚ Saturday ਵੀ Satur ਸ਼ਬਦ ਤੋਂ ਪਿਆ ਹੈ। ਭਾਰਤੀ ਮਿੱਥ ਨੇ ਇਸ ਨੂੰ ਸ਼ਨੀ ਦੇਵਤਾ ਨਾਲ ਜੋੜਿਆ ਹੈ। ਜਿਸ ਨੂੰ ਬਦਸ਼ਗਨੀ ਦਾ ਦੇਵਤਾ ਮੰਨਿਆ ਗਿਆ ਹੈ। ਕਈ ਲੋਕ ਇਸ ਦਿਨ ਨੂੰ ਵਹਿਮ ਭਰਮਾਂ ਨਾਲ ਜੋੜਦੇ ਹਨ ਤੇ ਦਾਨ ਕਰਦੇ ਹਨ।

ਉਕਤ ਦਿਨਾਂ ਦੇ ਨਾਮ ਸੂਰਜ, ਚੰਦਰਮਾ ਤੇ 5 ਗ੍ਰਹਿਆਂ ਨਾਲ ਇਸ ਕਰਕੇ ਜੁੜ ਗਏ ਕਿਉਂਕਿ ਪ੍ਰਾਚੀਨ ਸਮੇਂ ਤੋਂ ਹੀ ਇਹ ਗ੍ਰਹਿ ਨੰਗੀ ਅੱਖ ਨਾਲ ਦੇਖੇ ਜਾ ਸਕਦੇ ਹਨ।

ਮਹੀਨੇ

ਅੱਜ ਕਲ੍ਹ ਅਸੀਂ ਜਨਵਰੀ ਤੋਂ ਦਸੰਬਰ ਤੱਕ ਮਹੀਨਿਆਂ ਦੇ ਨਾਂ ਅਪਣਾਏ ਹੋਏ ਹਨ। ਲੋਕ ਇਹਨੂੰ ਅੰਗਰੇਜ਼ੀ ਮਹੀਨੇ ਆਖਦੇ ਹਨ। ਇਹਨਾਂ ਦੇ ਅਸਲ ਨਾਂ ਤੇ ਉਚਾਰਨ ਹੇਠ ਲਿਖੇ ਹਨ:

ਅੰਗਰੇਜ਼ੀ ਨਾਂ	ਉਚਾਰਣ	ਪੰਜਾਬੀ 'ਚ ਪ੍ਰਚਲਤ ਨਾਂ
January	ਜੈਨੁਓਰੀ	ਜਨਵਰੀ
February	ਫੈਬਰੁਅਰੀ	ਫਰਵਰੀ
March	ਮਾਰਚ	ਮਾਰਚ
April	ਏਪਰਿ਼ਲ	ਅਪਰੈਲ
May	ਮੇ	ਮਈ
June	ਜੂਨ	ਜੂਨ
July	ਜੁਲਾਈ	ਜੁਲਾਈ
August	ਔਗਸਟ	ਅਗਸਤ
September	ਸੈਪਟੈਂਬਰ	ਸਤੰਬਰ
October	ਔਕਟੂਬਰ	ਅਕਤੂਬਰ
November	ਨਵੈਂਬਰ	ਨਵੰਬਰ
December	ਡੀਸੈਂਬਰ	ਦਸੰਬਰ

ਕਿਸ ਤਰ੍ਹਾਂ ਪਏ ਮਹੀਨਿਆਂ ਦੇ ਨਾਂ

1. ਜਨਵਰੀ/January

January ਸ਼ਬਦ Janus ਤੇ ਆਧਾਰਿਤ ਹੈ। Janus ਨੂੰ God of Doors ਕਿਹਾ ਜਾਂਦਾ ਹੈ। ਜਿਵੇਂ Doors ਅਰਥਾਤ ਦਰਵਾਜ਼ੇ ਤੋਂ ਰਸਤਾ ਖੁਲ੍ਹਦਾ ਹੈ ਇਸੇ ਤਰ੍ਹਾਂ ਇਸ ਮਹੀਨੇ ਤੋਂ ਸਾਲ ਸ਼ੁਰੂ ਹੁੰਦਾ ਹੈ। ਇਸ ਨੂੰ 'ਜੈਨੂਅਰੀ' ਵਜੋਂ ਉਚਾਰਿਆ ਜਾਂਦਾ ਹੈ। ਪੰਜਾਬੀ 'ਚ ਜਨਵਰੀ ਸ਼ਬਦ ਪ੍ਰਚਲਤ ਹੈ। ਜਨਵਰੀ ਕੈਲੰਡਰ ਦਾ ਪਹਿਲਾ ਮਹੀਨਾ ਹੈ। ਸਾਡਾ ਕੈਲੰਡਰ ਗਰੇਗੋਰੀਅਨ ਕੈਲੰਡਰ ਤੇ ਅਧਾਰਤ ਹੈ। ਗਰੀਗੋਰੀਅਨ ਤੇ ਜੂਲੀਅਨ ਕੈਲੰਡਰਾਂ 'ਚ 12 ਮਹੀਨੇ ਹੁੰਦੇ ਹਨ। ਪਹਿਲਾਂ ਰੋਮਨ ਕੈਲੰਡਰ ਵਿਚ 10 ਮਹੀਨੇ ਹੁੰਦੇ ਸਨ ਅਤੇ ਸਾਲ ਮਾਰਚ ਤੋਂ ਸ਼ੁਰੂ ਹੁੰਦਾ ਸੀ। ਜਨਵਰੀ (Januarius) ਅਤੇ ਫਰਵਰੀ (Februarius) 713 ਈਸਵੀ ਵਿਚ ਕੈਲੰਡਰ ਨਾਲ ਜੋੜੇ ਗਏ ਅਤੇ ਜਨਵਰੀ ਪਹਿਲਾ ਮਹੀਨਾ ਬਣਿਆ।

ਜਨਵਰੀ ਦੇ 31 ਦਿਨ ਹੁੰਦੇ ਹਨ। ਇਸ ਦੇ ਪਹਿਲੇ ਦਿਨ ਨੂੰ ਨਿਊਈਅਰ ਡੇ ਵਜੋਂ ਮਨਾਇਆ ਜਾਂਦਾ ਹੈ। ਲਾਤੀਨੀ ਵਿਚ Januarius ਸ਼ਬਦ Janua ਤੇ ਅਧਾਰਤ ਹੈ ਜਿਸ ਦਾ ਅਰਥ ਹੈ ਦਰਵਾਜਾਂ। Janus ਦਰਵਾਜਿਆਂ ਦਾ ਦੇਵਤਾ ਹੈ।

ਜਨਵਰੀ ਮਹੀਨੇ 'ਚ ਕਈ ਤਿਉਹਾਰ ਆਉਂਦੇ ਹਨ

ਜਿਵੇਂ ਨਿਊ ਈਅਰ ਡੇ (1 ਜਨਵਰੀ) ਮਕਰ ਸੰਕਰਾਤੀ ਜਾਂ ਮਾਘੀ (14 ਜਨਵਰੀ) ਲੋਹੜੀ (13 ਜਾਂ 14 ਫਰਵਰੀ), ਗਣਤੰਤਰਤਾ ਦਿਵਸ (26 ਜਨਵਰੀ)

2. ਫਰਵਰੀ February

ਫਰਵਰੀ ਜਿਸ ਨੂੰ ਅੰਗਰੇਜ਼ੀ ਵਿਚ February ਕਿਹਾ ਜਾਂਦਾ ਹੈ, ਸ਼ੁੱਧਤਾ ਤੇ ਬਲੀਦਾਨ ਦਾ ਮਹੀਨਾ ਹੈ। ਇਸ ਦਾ ਨਾਮ Februo ਤੋਂ ਪਿਆ ਹੈ ਜਿਸ ਦਾ ਅਰਥ ਹੈ ਸ਼ੁੱਧ ਕਰਨ ਦੀ ਰਸਮ। ਲਾਤੀਨੀ ਵਿਚ ਇਸ ਮਹੀਨੇ ਦਾ ਨਾਮ Februarius ਹੈ ਜੋ ਕਿ ਲਾਤੀਨੀ ਸ਼ਬਦ Februum ਤੋਂ ਬਣਿਆ ਹੈ। ਇਸ ਦਾ ਅਰਥ ਹੈ : ਸ਼ੁੱਧ ਕਰਨਾ। 713 ਈਸਵੀ ਵਿਚ ਨੂਮਾ ਪੌਂਪਲੀਅਸ ਨੇ ਜਨਵਰੀ ਤੇ ਫਰਵਰੀ ਮਹੀਨੇ ਰੋਮਨ ਕੈਲੰਡਰ ਨਾਲ ਜੋੜੇ ਸਨ।

ਸਾਲ ਦੇ ਸਭ ਤੋਂ ਛੋਟੇ ਮਹੀਨੇ ਫਰਵਰੀ 'ਚ 28 ਦਿਨ ਹੁੰਦੇ ਹਨ ਜਦਕਿ ਹਰ ਚਾਰ ਸਾਲ ਬਾਅਦ ਅਰਥਾਤ ਲੀਪ ਦੇ ਸਾਲ 'ਚ ਇਸ ਵਿਚ 29 ਦਿਨ ਹੁੰਦੇ ਹਨ।

ਇਸ ਨੂੰ ਫੈਬਰੂਅਰੀ ਜਾਂ ਫੈਬ੍ਰੂਅਰੀ ਵਜੋਂ ਉਚਾਰਿਆ ਜਾਂਦਾ ਹੈ ਜਦਕਿ ਪੰਜਾਬੀ 'ਚ ਫਰਵਰੀ ਨਾਂ ਪ੍ਰਚਲਤ ਹੈ। ਹਿੰਦੁਸਤਾਨ ਵਿਚ ਫਰਵਰੀ ਬਸੰਤ ਰੁੱਤ ਦੇ ਆਗਮਨ ਦਾ ਪ੍ਰਤੀਕ ਹੈ। ਹੌਲੀ ਦਾ ਤਿਉਹਾਰ ਆਮ ਤੌਰ 'ਤੇ ਇਸ ਮਹੀਨੇ ਆਉਂਦਾ ਹੈ। 14 ਫਰਵਰੀ ਨੂੰ ਵੈਲਨਟਾਈਨ ਡੇ ਵੀ ਮਨਾਇਆ ਜਾਂਦਾ ਹੈ ਜੋ ਪਿਆਰ ਦੇ ਇਜ਼ਹਾਰ ਦਾ ਪ੍ਰਤੀਕ ਹੈ। ਇਸੇ ਮਹੀਨੇ 21 ਫਰਵਰੀ ਨੂੰ ਕੁਲ ਦੁਨੀਆਂ ਵਿਸ਼ਵ ਮਾਤਭਾਸ਼ਾ ਦਿਵਸ ਵਜੋਂ ਮਨਾਉਂਦੀ ਹੈ।

3. ਮਾਰਚ (March)

ਅਸਲ ਵਿਚ ਰੋਮਨ ਕੈਲੰਡਰ ਦਾ ਪਹਿਲਾ ਮਹੀਨਾ ਮਾਰਚ ਹੁੰਦਾ ਸੀ ਪਰ 713 ਈਸਵੀ 'ਚ ਜਨਵਰੀ ਤੇ ਫਰਵਰੀ ਜੋੜੇ ਜਾਣ ਬਾਅਦ ਮਾਰਚ ਤੀਜਾ ਮਹੀਨਾ ਬਣ ਗਿਆ।

ਮਾਰਚ ਸ਼ਬਦ ਲਾਤੀਨੀ ਸ਼ਬਦ Maritus 'ਤੇ ਅਧਾਰਤ ਹੈ ਜੋ ਕਿ Mars ਲਈ ਵਰਤਿਆ ਜਾਂਦਾ ਹੈ। Mars ਰੋਮਨ ਵਿਚ ਜੰਗ ਦੇ ਦੇਵਤੇ ਨੂੰ ਕਹਿੰਦੇ ਹਨ ਜੋ ਖੇਤੀਬਾੜੀ ਦਾ ਪਾਲਕ ਤੇ ਆਪਣੇ ਪੁੱਤਰਾਂ ਰੋਮੂਲਸ ਤੇ ਰੇਮੂਸ ਰਾਹੀਂ ਰੋਮਨ ਲੋਕਾਂ ਦਾ ਪੂਰਵਜ ਸੀ। ਉਸਦੇ ਨਾਮ ਤੇ ਇਹ ਮਹੀਨਾ Maritus ਫਸਲ ਬੀਜਣ ਦੀ ਰੁੱਤ ਤੇ ਜੰਗ ਦੀ ਸ਼ੁਰੂਆਤ ਵਜੋਂ ਜਾਣਿਆ ਜਾਂਦਾ ਹੈ।

ਬਾਅਦ ਵਿਚ ਇਹੀ ਨਾਂ March (ਮਾਰਚ) ਵਜੋਂ ਪ੍ਰਚਲਤ ਹੋਇਆ।

ਬਹੁਤ ਸਾਰੀਆਂ ਸਭਿਆਤਾਵਾਂ ਤੇ ਸੰਸਕ੍ਰਿਤੀਆਂ ਅਜੇ ਵੀ ਇਕ ਮਾਰਚ ਨੂੰ ਨਵੇਂ ਵਰ੍ਹੇ ਵਜੋਂ ਮਨਾਉਂਦੀਆਂ ਹਨ। ਬਿਕਰਮੀ ਸੰਮਤ ਵਿਚ ਪਹਿਲਾ ਮਹੀਨਾ ਚੇਤ ਵੀ ਮਾਰਚ ਦੇ ਅੱਧ ਵਿਚ ਆਉਂਦਾ ਹੈ।

ਇਸ ਮਹੀਨੇ 21 ਮਾਰਚ ਨੂੰ ਦਿਨ ਤੇ ਰਾਤ ਬਰਾਬਰ ਹੁੰਦੇ ਹਨ। ਈਸਟਰ ਦਾ ਤਿਉਹਾਰ ਵੀ ਇਸੇ ਮਹੀਨੇ ਮਨਾਇਆ ਜਾਦਾ ਹੈ। ਹਿੰਦੁਸਤਾਨ 'ਚ ਇਸ ਮਹੀਨੇ ਬਸੰਤ ਰੁੱਤ ਪੂਰੇ ਜੋਬਨ ਤੇ ਹੁੰਦੀ ਹੈ ਤੇ ਫਸਲਾਂ ਪੱਕ ਜਾਂਦੀਆਂ ਹਨ।

4. ਅਪਰੈਲ (April)

ਚੋਥਾ ਮਹੀਨਾ ਅਪਰੈਲ ਅੰਗਰੇਜ਼ੀ ਵਿਚ April ਵਜੋਂ ਜਾਣਿਆ ਜਾਂਦਾ ਹੈ। April ਸ਼ਬਦ ਲਾਤੀਨੀ ਵਿਚ Aprilis ਤੋਂ ਹੋਂਦ ਵਿਚ ਆਇਆ। ਯੂਨਾਨੀ ਵਿਚ ਇਸ ਨੂੰ Aphro ਕਿਹਾ ਜਾਂਦਾ ਸੀ ਜੋ ਕਿ ਪਿਆਰ ਤੇ ਹੁਸਨ ਦੀ ਦੇਵੀ Aprodite ਹੈ।

ਪਰੰਪਰਾ ਵੱਲ ਨਿਗ੍ਹਾ ਮਾਰੀਏ ਤਾਂ Aprilis ਸ਼ਬਦ aperire ਨਾਲ ਜੁੜਦਾ ਹੈ ਜਿਸ ਦਾ ਅਰਥ ਹੈ ਖੋਲਣਾ ਜਾਂ ਖਿੜਨਾ। ਇੰਞ ਦਰਖ਼ਤਾਂ 'ਤੇ ਫੁੱਲਾਂ ਦੇ ਖਿੜਨ ਨਾਲ ਵੀ ਇਸ ਨੂੰ ਜੋੜ ਲਿਆ ਜਾਂਦਾ ਹੈ।

ਹਿੰਦੁਸਤਾਨ 'ਚ ਇਹ ਮਹੀਨਾ ਇਤਿਹਾਸਕ ਤੇ ਭੂਗੋਲਿਕ ਤੌਰ 'ਤੇ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸੇ ਮਹੀਨੇ ਵਿਸਾਖੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਫਸਲਾਂ ਦੀ ਵਾਢੀ ਮੁਕੰਮਲ ਹੁੰਦੀ ਹੈ। ਲੋਕ ਖੁਸ਼ੀਆਂ ਮਨਾਉਂਦੇ ਹਨ। ਗੁਡ ਫਰਾਈ ਡੇ ਦਾ ਤਿਉਹਾਰ ਇਸੇ ਮਹੀਨੇ ਆਉਂਦਾ ਹੈ। 22 ਅਪਰੈਲ ਨੂੰ ਵਿਸ਼ਵ ਧਰਤ ਦਿਵਸ ਮਨਾਇਆ ਜਾਂਦਾ ਹੈ। 1 ਅਪਰੈਲ ਨੂੰ ਅਪਰੈਲ ਫੂਲ ਡੇ ਵਜੋਂ ਮਨਾਇਆ ਜਾਂਦਾ ਹੈ ਜਿਸ ਦਿਨ ਲੋਕ ਇਕ ਦੂਜੇ ਨੂੰ ਮਜ਼ਾਕ ਕਰਕੇ ਮੌਜ਼ ਮਸਤੀ ਕਰਦੇ ਹਨ।

5. ਮਈ (May)

ਮਈ ਲਈ ਅੰਗਰੇਜ਼ੀ ਸ਼ਬਦ May ਹੈ ਇਹ ਸ਼ਬਦ ਰੋਮਨ Mais ਤੋਂ ਉਤਪੰਨ ਹੋਇਆ। ਰੋਮਨ ਕਾਲ 'ਚ Mavsta ਇਜਤ ਤੇ ਮਾਣ ਦੀ ਦੇਵੀ ਨਾਲ ਵੀ ਜੋੜਿਆ ਜਾਂਦਾ ਹੈ। ਰੋਮਨ ਦੇਵੀ Maia ਪੌਦਿਆਂ ਦੀ ਉਪਜ ਤੇ ਪ੍ਰਗਤੀ ਦੀ ਰੱਖਿਅਕ ਮੰਨੀ ਜਾਂਦੀ ਹੈ। ਲਾਤੀਨੀ ਸ਼ਬਦ maiores ਨਾਲ ਵੀ ਇਸ ਦਾ ਸਬੰਧ ਜੋੜਿਆ ਜਾਦਾ ਹੈ ਜਿਸ ਦਾ ਅਰਥ ਹੈ ਵੱਡੇ ਵਡੇਰੇ।

1 ਮਈ ਦੁਨੀਆਂ ਭਰ 'ਚ ਮਜ਼ਦੂਰ ਦਿਹਾੜੇ ਵਜੋਂ ਮਨਾਇਆ ਜਾਂਦਾ ਹੈ।

6. ਜੂਨ (June)

ਜੂਨ ਲਈ ਅੰਗਰੇਜ਼ੀ ਸ਼ਬਦ June ਹੈ। ਲਾਤੀਨੀ ਸ਼ਬਦ Junius ਤੋਂ ਉਤਪੰਨ ਹੋਇਆ। ਇਸ ਦਾ ਅਰਥ ਹੈ of Juno/Juno ਰੋਮਨ ਮਿੱਥ ਵਿਚ ਵਿਆਹ ਦੀ ਦੇਵੀ ਹੈ। ਉਸ ਨੂੰ ਯੂਨਾਨੀ ਦੇਵੀ Hera ਨਾਲ ਵੀ ਜੋੜਿਆ ਜਾਂਦਾ ਹੈ। ਪ੍ਰਮੁੱਖ ਦੇਵਤਾ Jupiter ਦੀ ਪਤਨੀ Juno ਔਰਤਾਂ ਦੀ ਦੇਖਭਾਲ ਦੀ ਪ੍ਰਤੀਕ ਹੈ। June ਸ਼ਬਦ ਲਾਤੀਨੀ ਸ਼ਬਦ Juniores ਨਾਲ ਵੀ ਜੋੜਿਆ ਜਾਂਦਾ ਹੈ ਜਿਸ ਦਾ ਅਰਥ ਹੈ 'ਛੋਟੇ'। ਇਹ ਮਈ ਮਹੀਨੇ ਦੇ ਪ੍ਰਤੀਕ ਸ਼ਬਦ Maiores ਦੇ ਉਲਟ ਹੈ ਜਿਸ ਦਾ ਅਰਥ ਹੈ 'ਵੱਡੇ'।

ਜੂਨ ਕੈਲੰਡਰ ਅਨੁਸਾਰ ਛੇਵਾਂ ਮਹੀਨਾ ਹੈ। ਉਤਰੀ ਅਰਧ-ਗੋਲੇ 'ਚ ਇਹ ਮਹੀਨਾ ਸਭ ਤੋਂ ਗਰਮ ਅਤੇ ਦੱਖਣੀ ਅਰਧ-ਗੋਲੇ 'ਚ ਠੰਡਾ ਹੁੰਦਾ ਹੈ। ਇਸ ਮਹੀਨੇ ਹਿੰਦੁਸਤਾਨ 'ਚ ਗਰਮੀ ਸਿਖਰ ਤੇ ਹੁੰਦੀ ਹੈ।

21 ਜੂਨ ਸਾਲ ਦਾ ਸਭ ਤੋਂ ਵੱਡਾ ਦਿਨ ਹੁੰਦਾ ਹੈ।

5 ਜੂਨ ਦੁਨੀਆਂ ਭਰ 'ਚ ਵਿਸ਼ਵ ਵਾਤਾਵਰਨ ਦਿਵਸ ਵਜੋਂ ਮਨਾਇਆ ਜਾਂਦਾ ਹੈ ਤਾਂ ਕਿ ਵਾਤਾਵਰਣ ਦੇ ਮੁੱਦਿਆਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ।

7. ਜੁਲਾਈ (July)

ਕੈਲੰਡਰ ਦਾ ਸਤਵਾਂ ਮਹੀਨਾ ਜੁਲਾਈ ਹੈ। ਲਾਤੀਨੀ ਸ਼ਬਦ Julius ਤੋਂ ਇਸ ਦਾ ਨਾਮ ਉਤਪੰਨ ਹੋਇਆ। Julius Caesar ਰੋਮ ਦੇ ਪ੍ਰਸਿੱਧ ਬਾਦਸ਼ਾਹ ਹੋਇਆ ਹੈ। ਉਸਨੇ 46 ਈਸਵੀ ਪੂਰਵ 'ਚ ਰੋਮਨ ਕੈਲੰਡਰ (ਜੂਲੀਅਨ ਕੈਲੰਡਰ) ਵਿਚ ਸੁਧਾਰ ਕੀਤਾ। ਇਸ ਪ੍ਰੀਕ੍ਰਿਆ 'ਚ ਇਸ ਮਹੀਨੇ ਦਾ ਨਾਮ ਜੂਲੀਅਰ ਸੀਜਰ ਦੇ ਨਾਂ ਤੇ ਰੱਖਿਆ ਗਿਆ। ਇਸ ਤਰ੍ਹਾਂ ਜੁਲਾਈ ਜਾਂ July ਜੂਲੀਅਸ ਸੀਜਰ ਦਾ ਮਹੀਨਾ ਆਖਿਆ ਜਾਂਦਾ ਹੈ। ਇਸ ਮਹੀਨੇ ਹਿੰਦੁਸਤਾਨ 'ਚ ਵਰਖਾ ਰੁੱਤ ਸ਼ੁਰੂ ਹੋ ਜਾਂਦੀ ਹੈ।

8. ਅਗਸਤ (August)

ਕੈਲੰਡਰ ਦਾ ਅੱਠਵਾਂ ਮਹੀਨਾ ਅਗਸਤ ਹੈ। 8 ਈਸਵੀ 'ਚ ਇਹੀ ਮਹੀਨਾ ਛੇਵਾਂ ਸੀ ਅਤੇ ਇਸਦਾ ਨਾਮ ਸੀ –Sextillus ਅਰਥਾਤ ਛੇਵਾਂ। ਇਸ ਦਾ ਮੌਜੂਦਾ ਨਾਮ ਅਗਸਟਸ ਦੇ ਨਾਂ ਪਿਆ। ਰਿਸ਼ਤੇ 'ਚ ਅਗਸਟਸ ਜੂਲੀਅਸ ਸੀਜਰ ਦਾ ਗੋਦ ਲਿਆ ਭਾਣਜਾ ਸੀ। ਉਹ ਮਾਰਕ ਐਟਨੀ ਤੇ ਕਲੀਪੈਟਰਾ ਨੂੰ ਹਰਾ ਕੇ ਰੋਮ ਦਾ ਪਹਿਲਾ ਬਾਦਸ਼ਾਹ ਬਣਿਆ ਤੇ ਰੋਮ ਸਾਮਰਾਜ ਦੀ ਨੀਂਹ ਰੱਖੀ। ਰੋਮਨ ਸੈਨਿਟ ਨੇ ਉਹਦੇ ਮਾਣ 'ਚ ਇਕ ਮਹੀਨੇ ਦਾ ਨਾਮਕਰਣ ਕਰਨ ਦਾ ਫੈਸਲਾ ਕੀਤਾ। ਇਹੀ ਮਹੀਨਾ ਤਾਂ ਚੁਣਿਆ ਗਿਆ ਕਿਉਂਕਿ ਇਸੇ ਮਹੀਨੇ ਅਗਸਟਸ ਸੀਜ਼ਰ ਤਿੰਨ ਵਾਰ ਜੇਤੂ ਹੋ ਕੇ ਰੋਮ ਦਾਖ਼ਲ ਹੋਇਆ। ਇਸੇ ਮਹੀਨੇ ਮਿਸਰ ਰੋਮਨ ਲੋਕਾਂ ਦੇ ਅਧੀਨ ਕੀਤਾ ਗਿਆ। ਇਸੇ ਮਹੀਨੇ ਘਰੇਲੂ ਜੰਗਾਂ ਖ਼ਤਮ ਹੋਈਆਂ। ਰੋਮ ਸਾਮਰਾਜ ਲਈ ਇਹ ਮਹੀਨਾ ਭਾਗਸ਼ਾਲੀ ਸਮਝਦੇ ਹੋਏ ਰੋਮਨ ਸੈਨਿਟ ਨੇ ਹੁਕਮ ਦਿੱਤਾ ਕਿ ਇਸ ਦਾ ਪਹਿਲਾ ਨਾਂ ਸੈਕਸਟਿਲੀਸ ਬਦਲ ਕੇ ਅਗਸਟਸ ਰੱਖਿਆ ਜਾਵੇ। ਇਹ ਵੀ ਫੈਸਲਾ ਕੀਤਾ ਗਿਆ ਕਿ ਅਗਸਟਸ ਦੀ ਮਹੱਤਤਾ ਨੂੰ ਦੇਖਦੇ ਹੋਏ ਇਸ ਦੇ ਦਿਨਾਂ ਦੀ ਗਿਣਤੀ ਵੀ ਜੂਲੀਅਸ ਦੇ ਮਹੀਨੇ ਜੁਲਾਈ ਬਰਾਬਰ 31 ਦਿਨਾਂ ਦੀ ਕੀਤੀ ਜਾਵੇ। ਇਸ ਤੋਂ ਪਹਿਲਾਂ ਜੂਲੀਅਨ ਕੈਲੰਡਰ ਦੇ ਸਾਰੇ ਮਹੀਨੇ 31–30 ਦੀ ਬਾਰੰਬਾਰਤਾ ਅਨੁਸਾਰ ਸਨ। ਇਸ ਲਈ ਅਗਸਟਸ ਮਹੀਨੇ ਲਈ ਇਕ ਵਾਧੂ ਦਿਨ ਫਰਵਰੀ 'ਚੋਂ ਲਿਆ ਗਿਆ ਜਿਸ ਦੇ ਪਹਿਲਾਂ 29 ਦਿਨ ਸਨ (ਲੀਪ ਸਾਲ 'ਚ 30 ਦਿਨ)। ਹਿੰਦੁਸਤਾਨ 'ਚ ਇਸ ਮਹੀਨੇ ਦੀ ਵਿਸ਼ੇਸ਼ ਮਹਾਨਤਾ ਹੈ। ਸਾਵਣ ਰੁੱਤ ਜੋਬਨ 'ਤੇ ਹੁੰਦੀ ਹੈ। ਇਸੇ ਮਹੀਨੇ 15 ਅਗਸਤ ਨੂੰ ਸਾਡੇ ਦੇਸ਼ ਦਾ ਅਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ।

ਅੰਗਰੇਜ਼ੀ ਵਿਚ ਇਸ ਮਹੀਨੇ ਦਾ ਉਚਾਰਣ ਔਗਸਟ ਹੈ ਜਦ ਕਿ ਪੰਜਾਬੀ 'ਚ ਇਸ ਨੂੰ ਅਗਸਤ ਨਾਂ ਨਾਲ ਪੁਕਾਰਦੇ ਹਾਂ।

9. ਸਤੰਬਰ (September)

ਕੈਲੰਡਰ ਦਾ ਨੌਵਾਂ ਮਹੀਨਾ ਸਤੰਬਰ ਹੈ। ਇਸ ਦੇ ਤੀਹ ਦਿਨ ਹੁੰਦੇ ਹਨ। ਸਤੰਬਰ ਲਾਤੀਨੀ ਸ਼ਬਦ ਸੈਪਟੈਂਬਰ (September) ਤੋਂ ਉਤਪੰਨ ਹੋਇਆ ਜਿਸ ਦਾ ਅਰਥ ਹੈ ਸੱਤਵਾਂ। ਪਹਿਲਾਂ ਇਹ ਸੱਤਵਾਂ ਮਹੀਨਾ ਹੀ ਸੀ। ਜਨਵਰੀ ਤੇ ਫਰਵਰੀ ਕੈਲੰਡਰ 'ਚ ਜੋੜੇ ਜਾਣ ਬਾਅਦ ਇਹ ਨੌਵਾਂ ਮਹੀਨਾ ਬਣ ਗਿਆ।

ਇਸ ਮਹੀਨੇ ਵਰਖਾ ਰੁੱਤ ਖ਼ਤਮ ਹੋ ਜਾਂਦੀ ਹੈ ਤੇ ਪਤਝੜ ਸ਼ੁਰੂ। ਇਸ ਮਹੀਨੇ 8 ਸਤੰਬਰ ਵਿਸ਼ਵ-ਸਾਖਰਤਾ ਦਿਸਵ ਵਜੋਂ ਮਨਾਇਆ ਜਾਂਦਾ ਹੈ।

5 ਸਤੰਬਰ ਸਾਡੇ ਦੇਸ਼ 'ਚ ਅਧਿਆਪਕ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਅੰਗਰੇਜ਼ੀ 'ਚ ਸਤੰਬਰ ਨੂੰ September ਆਖਦੇ ਹਨ ਜਿਸ ਦਾ ਉਚਾਰਣ ਹੈ ਸੈਪਟੈਂਬਰ।

10. ਅਕਤੂਬਰ (October)

ਅਕਤੂਬਰ ਕੈਲੰਡਰ ਦਾ 10 ਵਾਂ ਮਹੀਨਾ ਹੈ। ਅੰਗਰੇਜ਼ੀ 'ਚ ਇਸ ਨੂੰ ਔਕਟੂਬਰ (October) ਆਖਦੇ ਹਨ। October ਦੋ ਲਾਤੀਨੀ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ :

Octo+ber, Octo- ਅਰਥਾਤ ਅੱਠ

ਇਸ ਦਾ ਅਰਥ ਹੈ ਅੱਠਵਾਂ।

ਪਹਿਲਾਂ ਇਹ ਅੱਠਵਾਂ ਮਹੀਨਾ ਸੀ- ਜਨਵਰੀ ਤੇ ਫਰਵਰੀ ਕੈਲੰਡਰ 'ਚ ਸ਼ਾਮਿਲ ਹੋਣ ਉਪਰੰਤ ਇਹ ਦਸਵਾਂ ਮਹੀਨਾ ਬਣ ਗਿਆ।

ਅਕਤੂਬਰ ਉਤਰੀ ਅਰਧ-ਗੋਲੇ 'ਚ ਪਤਝੜ ਤੇ ਦੱਖਣੀ ਅਰਧ-ਗੋਲੇ 'ਚ ਬਸੰਤ ਰੁੱਤ ਦੀ ਸਿਖਰ ਹੁੰਦਾ ਹੈ।

ਸਾਡੇ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਇਹ ਤਿਉਹਾਰਾਂ ਨਾਲ ਜੁੜਿਆ ਮਹੀਨਾ ਹੈ। ਦੁਰਗਾ ਪੂਜਾ, ਦੁਸਹਿਰਾ ਤੇ ਦੀਵਾਲੀ ਆਮ ਤੌਰ 'ਤੇ ਇਸੇ ਮਹੀਨੇ ਆਉਂਦੇ ਹਨ।

ਮਹਾਤਮਾ ਗਾਂਧੀ ਦਾ ਜਨਮ ਦਿਹਾੜਾ 2 ਅਕਤੂਬਰ ਇਸੇ ਮਹੀਨੇ ਮਨਾਇਆ ਜਾਂਦਾ ਹੈ। ਯੂ. ਐਨ. ਓ. 24 ਅਕਤੂਬਰ ਨੂੰ ਹੋਂਦ 'ਚ ਆਈ ਸੀ। 24 ਅਕਤੂਬਰ ਯੂ.ਐਨ.ਓ. ਡੇ ਵਜੋਂ ਮਨਾਇਆ ਜਾਂਦ ਹੈ।

ਅੰਗਰੇਜ਼ੀ ਸ਼ਬਦ October ਦਾ ਉਚਾਰਣ ਅਕਟੂਬਰ ਹੈ ਜਿਸ ਨੂੰ ਸ਼ਬਦ ਪੰਜਾਬੀ 'ਚ ਅਸੀਂ ਅਕਤੂਬਰ ਬਣਾ ਲਿਆ ਹੈ।

11. ਨਵੰਬਰ (November)

ਕੈਲੰਡਰ ਦੇ 11ਵੇਂ ਮਹੀਨੇ ਨਵੰਬਰ ਨੂੰ ਅੰਗਰੇਜ਼ੀ 'ਚ November ਕਿਹਾ ਜਾਂਦਾ ਹੈ। ਇਹ ਸ਼ਬਦ ਲਾਤੀਨੀ ਸ਼ਬਦ Novem ਤੋਂ ਉਤਪੰਨ ਹੋਇਆ ਜਿਸ ਦਾ ਅਰਥ ਹੈ ਨੌਂਵਾਂ। ਪਹਿਲਾਂ ਇਹ ਨੌਂਵਾਂ ਮਹੀਨਾ ਸੀ। ਜਨਵਰੀ, ਫਰਵਰੀ ਦੇ ਕੈਲੰਡਰ 'ਚ ਪ੍ਰਵੇਸ਼ ਉਪਰੰਤ 11ਵਾਂ ਮਹੀਨਾ ਬਣ ਗਿਆ।

ਸਾਡੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਹਾੜਾ 14 ਨਵੰਬਰ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ।

November ਦਾ ਉਚਾਰਣ ਹੈ ਨੋਵੈਂਬਰ ਜਿਸ ਨੂੰ ਅਸੀਂ ਨਵੰਬਰ ਬਣਾ ਲਿਆ ਹੈ।

12. ਦਸੰਬਰ (December)

ਕੈਲੰਡਰ ਦਾ ਆਖਰੀ ਮਹੀਨਾ ਦਸੰਬਰ ਅੰਗਰੇਜ਼ੀ 'ਚ December ਨਾਂ ਨਾਲ ਜਾਣਿਆ ਜਾਂਦਾ ਹੈ। December ਲਾਤੀਨੀ ਸ਼ਬਦ Decem ਤੋਂ ਬਣਿਆ ਹੈ ਜਿਸ ਦਾ ਅਰਥ ਹੈ 10ਵਾਂ।

ਜਨਵਰੀ, ਫਰਵਰੀ ਸ਼ਾਮਿਲ ਹੋਣ ਤੋਂ ਬਾਅਦ ਇਹ ਕੈਲੰਡਰ ਦਾ 12ਵਾਂ ਮਹੀਨਾ ਬਣ ਗਿਆ। ਸਾਲ ਦੇ ਇਸ ਆਖਰੀ ਮਹੀਨੇ 'ਚ ਉਤਰੀ ਅਰਧ-ਗੋਲਾ ਸਰਦੀਆਂ ਦੀ ਸਿਖਰ ਹੰਢਾਉਂਦਾ ਹੈ। ਦਿਨ ਦੀ ਲੰਬਾਈ ਸਭ ਤੋਂ ਘੱਟ ਹੁੰਦੀ ਹੈ ਜਦ ਕਿ ਦੱਖਣੀ ਅਰਧ-ਗੋਲੇ 'ਚ ਇਸ ਮਹੀਨੇ ਦਿਨ ਦੀ ਲੰਬਾਈ ਸਭ ਤੋਂ ਜ਼ਿਆਦਾ ਹੁੰਦੀ ਹੈ।

25 ਦਸੰਬਰ ਨੂੰ ਕ੍ਰਿਸਮਿਸ ਦਾ ਤਿਉਹਾਰ ਇਸ ਮਹੀਨੇ ਦੀ ਖਾਸ ਪਛਾਣ ਹੈ ਜੋ ਵਿਸ਼ਵ ਭਰ 'ਚ ਮਨਾਇਆ ਜਾਂਦਾ ਹੈ।

ਅੰਗਰੇਜ਼ੀ ਦੇ December ਦਾ ਉਚਾਰਣ ਡੀਸੈਂਬਰ ਹੈ ਜਿਸ ਨੂੰ ਅਸੀਂ ਦਸੰਬਰ ਬਣਾ ਲਿਆ ਹੈ।

ਦੇਸੀ ਮਹੀਨੇ

ਚੇਤ, ਵਿਸਾਖ, ਜੇਠ, ਹਾੜ੍ਹ, ਸਾਉਣ, ਭਾਦੋਂ,
ਅੱਸੂ, ਕੱਤਕ, ਮੱਘਰ, ਪੋਹ, ਮਾਘ, ਫੱਗਣ

ਉਕਤ ਮਹੀਨਿਆਂ ਦੇ ਨਾਂ ਤੁਸੀਂ ਸਭ ਨੇ ਸੁਣੇ ਹੋਣਗੇ। ਹਰੇਕ ਮਹੀਨੇ ਦੀ ਪਹਿਲੀ ਤਾਰੀਖ਼ ਸੰਗਰਾਂਦ ਵਜੋਂ ਧਾਰਮਿਕ ਤੌਰ 'ਤੇ ਮਨਾਈ ਜਾਂਦੀ ਹੈ। ਇਹ ਮਹੀਨਿਆਂ ਦੇ ਨਾਂ ਸ਼ੱਕ ਸੰਮਤ ਤੇ ਬਿਕਰਮੀ ਸੰਮਤ ਅਨੁਸਾਰ ਹਨ। ਇਹ ਕੈਲੰਡਰ ਚੰਦਰਮਾ (Lunar) ਅਨੁਸਾਰ ਹਨ। ਬਿਕਰਮੀ ਜਾਂ ਵਿਕਰਮ ਸੰਮਤ ਸਮਰਾਟ ਚੰਦਰਗੁਪਤ ਦੀ 56 ਈਸਵੀ 'ਚ ਸ਼ੱਕਾਂ ਤੇ ਫਤਿਹ ਉਪਰੰਤ ਹੋਂਦ 'ਚ ਲਿਆਂਦਾ ਗਿਆ। ਇਸ ਅਨੁਸਾਰ ਨਵਾਂ ਸਾਲ ਚੇਤ ਮਹੀਨੇ 'ਚ ਪਹਿਲੇ ਨਵਰਾਤੇ ਵਾਲੇ ਦਿਨ ਸ਼ੁਰੂ ਹੁੰਦਾ ਹੈ।

ਹਿੰਦੁਸਤਾਨ 'ਚ ਇਸੇ ਬਿਕਰਮੀ ਸੰਮਤ ਦਾ ਸੁਧਰਿਆ ਹੋਇਆ ਰੂਪ ਸ਼ੱਕ ਕੈਲੰਡਰ ਦੇ ਰੂਪ 'ਚ ਸਰਕਾਰੀ ਤੌਰ 'ਤੇ ਪ੍ਰਵਾਨ ਕੀਤਾ ਗਿਆ ਹੈ।

ਦੇਸੀ ਮਹੀਨਿਆਂ 'ਚ ਦਿਨਾਂ ਦੀ ਗਿਣਤੀ ਚੰਦਰਮਾ ਦੇ ਘਟਣ-ਵਧਣ ਅਨੁਸਾਰ ਪੰਦਰਵਾੜੇ ਅਨੁਸਾਰ ਕੀਤੀ ਜਾਂਦੀ ਹੈ। ਮਹੀਨੇ ਨੂੰ ਦੋ ਪੰਦਰਵਾੜਿਆਂ 'ਚ ਵੰਡਿਆ ਜਾਂਦਾ ਹੈ- ਪਹਿਲਾ ਸ਼ੁਕਲ ਪੱਖ (ਚਾਨਣ ਪੱਖ) ਤੇ ਦੂਜਾ ਕ੍ਰਿਸ਼ਨ ਪੱਖ (ਹਨੇਰ ਪੱਖ)।

ਇਸ ਅਨੁਸਾਰ ਹਰੇਕ ਦਿਨ ਦਾ ਨਾਮ ਕਰਨ ਹੇਠ ਲਿਖੇ ਅਨੁਸਾਰ ਹੈ।

ਚਾਨਣ (ਸ਼ੁਕਲ ਪੱਖ)	ਹਨੇਰ ਪੱਖ (ਕ੍ਰਿਸ਼ਨ ਪੱਖ)
1. ਏਕਮ	1. ਏਕਮ
2. ਦੂਜ	2. ਦੂਜ
3. ਤੀਜ	3. ਤੀਜ
4. ਚੌਥ	4. ਚੌਥ
5. ਪੰਚਮੀ	5. ਪੰਚਮੀ
6. ਛੇਮ	6. ਛੇਮ
7. ਸੱਤੇਂ	7. ਸੱਤੇਂ
8. ਅੱਠੇਂ	8. ਅੱਠੇਂ
9. ਨੌਮੀ	9. ਨੌਮੀ
10. ਦਸਵੀਂ	10.ਦਸਵੀਂ
11. ਇਕਾਦਸ਼ੀ (ਕਾਸਤੀ)	11. ਇਕਾਦਸ਼ੀ (ਕਾਸਤੀ)
12. ਦੁਆਸਤੀ	12. ਦੁਆਸਤੀ
13. ਤ੍ਰਿਓਸਤੀ	13. ਤ੍ਰਿਓਸਤੀ
14. ਚੌਦੇ	14. ਚੌਦੇ
15. ਪੂਰਨਮਾਸ਼ੀ (ਪੁੰਨਿਆ)	15. ਮੱਸਿਆ

1. ਚੇਤਰ

ਦੇਸੀ ਕੈਲੰਡਰ ਜੋ ਹੁਣ ਸ਼ੱਕ ਕੈਲੰਡਰ ਦੇ ਨਾਂ ਨਾਲ ਪ੍ਰਚਲਤ ਹੈ, ਵਿਚ ਚੇਤਰ ਪਹਿਲਾ ਮਹੀਨਾ ਹੈ। ਪੰਜਾਬੀ ਵਿਚ ਇਸ ਨੂੰ ਚੇਤ ਵੀ ਆਖਦੇ ਹਨ। ਇਹ ਆਮ ਤੌਰ 'ਤੇ ਮਾਰਚ ਦੇ ਅੱਧ ਵਿਚ ਸ਼ੁਰੂ ਹੁੰਦਾ ਹੈ। ਇਹ ਬਹਾਰ ਦੀ ਰੁੱਤ ਦੇ ਆਗਮਨ ਨਾਲ ਜੁੜਿਆ ਹੋਇਆ। ਫਸਲਾਂ ਨਿਸਰ ਜਾਂਦੀਆਂ ਹਨ ਤੇ ਚਾਰੇ ਪਾਸੇ ਹਰਿਆਲੀ ਛਾ ਜਾਂਦੀ ਹੈ।

ਚੇਤ ਦੀ ਪਹਿਲੀ ਤਾਰੀਖ ਨਵੇਂ ਵਰ੍ਹੇ ਵਜੋਂ ਮਨਾਈ ਜਾਂਦੀ ਹੈ। ਅਜੇ ਵੀ ਹਿੰਦੁਸਤਾਨ 'ਚ ਅਨੇਕ ਸੁਆਣੀਆਂ ਇਸ ਦਿਨ ਘਰਾਂ ਦੇ ਬਾਹਰ ਗੋਬਰ ਦਾ ਪੋਚਾ ਫੇਰ ਕੇ ਇਸ ਵਰ੍ਹੇ ਦਾ ਸਵਾਗਤ ਕਰਦੀਆਂ ਹਨ। ਮਹਾਂਰਾਸ਼ਟਰ 'ਚ ਪਹਿਲਾ ਚੇਤਰ ਗੁੜੀ ਪਰਵਾ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ। ਚੇਤਰ ਨੂੰ ਬਹੁਤ ਸ਼ੁਭ ਮਹੀਨਾ ਮੰਨਿਆ ਜਾਂਦਾ ਹੈ ਕਿਉਂਕਿ ਪ੍ਰਾਚੀਨ ਹਿੰਦੂ ਸ਼ਾਸਤਰਾਂ ਅਨੁਸਾਰ ਇਸੇ ਮਹੀਨੇ ਚਾਨਣ ਪੱਖ 'ਚ ਪਹਿਲੇ ਦਿਨ ਬ੍ਰਹਮਾ ਨੇ ਬ੍ਰਹਿਮੰਡ ਦੀ ਸਿਰਜਣਾ ਕੀਤੀ।

2. ਵਿਸਾਖ

ਬਿਕਰਮੀ, ਸ਼ੱਕ ਤੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਵਿਸਾਖ ਦੂਜਾ ਮਹੀਨਾ ਹੈ। ਪਹਿਲੀ ਵੈਸਾਖ ਨੂੰ ਪੰਜਾਬ ਵਿਚ ਵਿਸਾਖੀ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਹ ਫ਼ਸਲਾਂ ਦੀ ਕਟਾਈ ਦੀ ਰੁੱਤ ਦਾ ਪ੍ਰਤੀਕ ਹੈ : ਪੰਜਾਬੀ ਲੋਕ ਗੀਤ ਪ੍ਰਚਲਤ ਹੈ :

ਫ਼ਸਲਾਂ ਦੀ ਮੁੱਕ ਗਈ ਰਾਖੀ
ਜੱਟਾ ਆਈ ਵਿਸਾਖੀ

ਸਿੱਖ ਪੰਥ 'ਚ ਵਿਸਾਖ ਦੀ ਵਿਸ਼ੇਸ਼ ਮਹਾਨਤਾ ਹੈ। ਵਿਸਾਖੀ ਵਾਲੇ ਦਿਨ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ 1699 'ਚ ਖਾਲਸੇ ਦੀ ਸਾਜਨਾ ਕੀਤੀ ਸੀ। ਇਹ ਮਹੀਨਾ ਆਮ ਤੌਰ 'ਤੇ 13 ਜਾਂ 14 ਅਪਰੈਲ ਨੂੰ ਸ਼ੁਰੂ ਹੁੰਦਾ ਹੈ।

3. ਜੇਠ

ਜੇਠ ਤੀਜਾ ਮਹੀਨਾ ਹੈ। ਆਮ ਤੌਰ 'ਤੇ ਮਈ ਦੇ ਅੱਧ ਵਿਚ ਸ਼ੁਰੂ ਹੁੰਦਾ ਇਹ ਮਹੀਨਾ ਤਿੱਖੜ ਗਰਮੀਆਂ ਦੀ ਯਾਦ ਦੁਆਉਂਦਾ ਹੈ। ਦਿਨ ਵੱਡੇ ਹੁੰਦੇ ਹਨ। ਜੇਠ ਦਾ ਮਤਲਬ ਹੈ ਵੱਡਾ। ਇਸ ਮਹੀਨੇ ਦਿਨਾਂ ਦੀ ਲੰਬਾਈ ਵੱਡੀ ਹੋਣ ਕਾਰਨ ਸ਼ਾਇਦ ਇਸ ਦਾ ਨਾਂ ਪਿਆ ਹੋਵੇਗਾ।

4. ਹਾੜ੍ਹ

ਚੌਥਾ ਮਹੀਨਾ ਹਾੜ੍ਹ ਜੂਨ ਦੇ ਅੱਧ ਵਿਚ ਸ਼ੁਰੂ ਹੁੰਦਾ ਹੈ। ਜੇਠ ਤੇ ਹਾੜ੍ਹ ਦੋਵੇਂ ਸਖ਼ਤ ਗਰਮੀ ਦੇ ਮਹੀਨੇ ਹਨ। ਦਿਨ ਲੰਬੇ ਤੇ ਰਾਤਾਂ ਛੋਟੀਆਂ ਹੁੰਦੀਆਂ ਹਨ। ਇਸ ਮਹੀਨੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਵਸ ਮਨਾਇਆ ਜਾਂਦਾ ਹੈ। ਥਾਂ-ਥਾਂ ਛਬੀਲਾਂ ਲਗਦੀਆਂ ਹਨ ਤੇ ਗਰਮੀ ਦੇ ਮਾਰੇ ਤਿਹਾਇਆਂ ਨੂੰ ਠੰਡੇ ਸ਼ਰਬਤ ਪਿਆਏ ਜਾਂਦੇ ਹਨ।

5. ਸਾਵਣ

ਸਾਵਣ ਜਾਂ ਸੌਣ ਦੇਸੀ ਮਹੀਨਿਆਂ 'ਚ ਪੰਜਵੇਂ ਥਾਂ ਆਉਂਦਾ ਹੈ। ਸਭਿਆਚਾਰਕ ਤੌਰ 'ਤੇ ਇਹ ਮਹੀਨੇ ਬੇਹੱਦ ਅਹਿਮ ਹੈ। ਤਿੱਖੜ ਗਰਮੀਆਂ ਬਾਅਦ ਵਰਖਾ ਰੁੱਤ ਦੀ ਸ਼ੁਰੂਆਤ ਇਸੇ ਮਹੀਨੇ ਹੁੰਦੀ ਹੈ। ਪਿਆਰ ਦੀ ਰੁੱਤ ਵਜੋਂ ਵੀ ਪ੍ਰਸਿੱਧ ਹੈ। ਹਿੰਦੀ ਫਿਲਮਾਂ ਅਤੇ ਲੋਕਗੀਤ ਇਸ ਮਹੀਨੇ ਦੇ ਜ਼ਿਕਰ ਨਾਲ ਭਰੇ ਪਏ ਹਨ।

ਇਸ ਮਹੀਨੇ ਤੀਆਂ ਦਾ ਤਿਉਹਾਰ ਆਉਂਦਾ ਹੈ ਤੇ ਕੁੜੀਆਂ ਪੀਘਾਂ ਚੜ੍ਹਾਉਂਦੀਆਂ ਹਨ। ਵਿਆਹੀਆਂ ਨਾਰਾਂ ਆਪਣੇ ਪੇਕੇ ਫੇਰਾ ਪਾਉਂਦੀਆਂ ਹਨ।

6. ਭਾਦੋਂ

ਭਾਦੋਂ ਦੇਸੀ ਕੈਲੰਡਰ ਅਨੁਸਾਰ ਛੇਵਾਂ ਮਹੀਨਾ ਹੈ। ਅਗਸਤ ਦੇ ਮੱਧ ਵਿਚ ਸ਼ੁਰੂ ਹੁੰਦਾ ਇਹ ਮਹੀਨਾ ਹੁੱਸੜ ਭਰਿਆ ਹੁੰਦਾ ਹੈ। ਵਰਖਾ ਰੁੱਤ ਖਾਤਮੇ ਵੱਲ ਹੁੰਦੀ ਹੈ ਤੇ ਧੁੱਪਾਂ ਵੀ ਤੇਜ਼। ਪਸੀਨਾ ਸੁੱਕਦਾ ਨਹੀਂ। ਸਰੀਰਕ ਮਸ਼ੱਕਤ ਕਰਨ ਵਾਲਿਆਂ ਲਈ ਇਹ ਬਹੁਤ ਕਸ਼ਟਦਾਇਕ ਮਹੀਨਾ ਗਿਣਿਆ ਗਿਆ ਹੈ। ਇਸੇ ਮਹੀਨੇ 15 ਅਗਸਤ ਨੂੰ ਭਾਰਤ ਦਾ ਅਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ।

7. ਅੱਸੂ

ਸੱਤਵਾਂ ਮਹੀਨਾ ਹੈ ਅੱਸੂ। ਸਤੰਬਰ ਦੇ ਮੱਧ ਵਿਚ ਸ਼ੁਰੂ ਹੁੰਦਾ ਇਹ ਮਹੀਨਾ ਵਰਖਾ ਰੁੱਤ ਦੇ ਖਾਤਮੇ ਤੇ ਸਰਦ ਰੁੱਤ ਦੇ ਆਗਮਨ ਵਿਚਕਾਰ ਪਤਝੜ ਦੀ ਰੁੱਤ ਦੀ ਮਹੀਨਾ ਹੈ। ਇਸ ਮਹੀਨੇ 'ਚ ਦਿਨ ਵੇਲੇ ਧੁੱਪ ਤੇ ਰਾਤਾਂ ਠੰਡੀਆਂ ਹੁੰਦੀਆਂ ਹਨ। ਇਕ ਪੰਜਾਬੀ ਕਹਾਵਤ ਹੈ :

ਅੱਸੂ ਮਾਹ ਨਿਰਾਲਾ

ਦਿਨੇ ਧੁੱਪ ਤੇ ਰਾਤੀ ਪਾਲਾ

ਅੱਸੂ ਸੰਸਕ੍ਰਿਤ ਦੇ ਸ਼ਬਦ ਆਸਵਿਨ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਪ੍ਰਕਾਸ਼।

8. ਕੱਤਕ

ਦੇਸੀ ਮਹੀਨਿਆਂ 'ਚ ਕੱਤਕ ਅੱਠਵਾਂ ਮਹੀਨਾ ਹੈ। ਅਕਤੂਬਰ ਦੇ ਮੱਧ 'ਚ ਇਸ ਮਹੀਨੇ ਦੀ ਸ਼ੁਰੂਆਤ ਹੁੰਦੀ ਹੈ। ਸਰਦ ਰੁੱਤ ਦਾ ਆਗਮਨ ਹੁੰਦਾ ਹੈ। ਇਸ ਮਹੀਨੇ ਦੀ ਪੂਰਨਮਾਸ਼ੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਜਾਂਦਾ ਹੈ। ਦੀਵਾਲੀ/ਦੁਸਹਿਰਾ ਵੀ ਆਮ ਤੌਰ 'ਤੇ ਇਸੇ ਮਹੀਨੇ ਆਉਂਦੇ ਹਨ।

9. ਮੱਘਰ

ਮੱਘਰ ਨੋਂਵਾਂ ਮਹੀਨਾ ਹੈ। ਨਵੰਬਰ ਦੇ ਅੱਧ ਵਿਚ ਸ਼ੁਰੂ ਹੁੰਦਾ ਇਹ ਮਹੀਨਾ ਸਵੈਟਰ-ਕੋਟੀਆਂ ਬਾਹਰ ਕਢਾ ਦਿੰਦਾ ਹੈ।

10. ਪੋਹ

ਪੋਹ ਦਸਵਾਂ ਮਹੀਨਾ- ਅਤਿ ਔਖ ਬਹੁਤ ਠੰਡਾ। ਲੋਕ ਇਸ ਮਹੀਨੇ ਕਾਰਵਿਹਾਰ ਘੱਟ ਹੀ ਕਰਦੇ ਹਨ। ਅੱਧ ਦਸੰਬਰ ਤੋਂ ਅੱਧ ਜਨਵਰੀ ਤੱਕ ਇਹ ਸਮਾਂ ਸਰਦੀਆਂ ਦੀ ਸਿਖਰ ਹੁੰਦਾ ਹੈ। ਸਿੱਖ ਪੰਥ 'ਚ ਇਸ ਮਹੀਨੇ ਦੀ ਖ਼ਾਸ ਮਹੱਤਤਾ ਹੈ। ਦਸਮ ਪਾਤਸ਼ਾਹ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਫ਼ਤਿਹ ਸਿੰਘ ਤੇ

ਬਾਬਾ ਜ਼ੋਰਾਵਰ ਸਿੰਘ ਇਸੇ ਮਹੀਨੇ ਸਰਹੰਦ ਦੀ ਦੀਵਾਰ 'ਚ ਚਿਣ ਦਿੱਤੇ ਗਏ ਸਨ। ਉਨ੍ਹਾਂ ਦੀ ਯਾਦ ਵਿਚ ਸ਼ਹੀਦੀ ਜੋੜ ਮੇਲਾ ਲਗਦਾ ਹੈ ਅਤੇ ਸੰਗਤਾਂ ਉਨ੍ਹਾਂ ਦੀ ਯਾਦ 'ਚ ਨਤਮਸਤਕ ਹੁੰਦੀਆਂ ਹਨ।


11. ਮਾਘ

ਮਾਘ ਜਨਵਰੀ ਦੇ 13-14 ਤਾਰੀਖ ਨੂੰ ਸ਼ੁਰੂ ਹੁੰਦਾ ਹੈ। ਪਹਿਲੀ ਮਾਘ ਸਿੱਖ ਪੰਥ 'ਚ ਮਾਘੀ ਦੇ ਤੌਰ 'ਤੇ ਮਨਾਈ ਜਾਂਦੀ ਹੈ ਜਿਸ ਦਿਨ ਗੁਰੂ ਨੂੰ ਬੇਦਾਵਾ ਦੇ ਗਏ 40 ਸਿੰਘਾਂ ਨੇ ਬੇਦਾਵਾ ਪਾੜਿਆ ਤੇ ਗੁਰੂ ਨੇ ਉਹਨਾਂ ਨੂੰ 40 ਮੁਕਤੇ ਆਖਿਆ ਸੀ। ਦੇਸ ਭਰ 'ਚ ਇਹ ਤਿਉਹਾਰ ਮਕਰ ਸੰਕਰਾਂਤੀ ਵਜੋਂ ਮਨਾਇਆ ਜਾਂਦਾ ਹੈ।


ਫੱਗਣ


ਫੱਗਣ 12ਵਾਂ ਮਹੀਨਾ ਹੈ- ਫਰਵਰੀ ਦੇ ਤੀਜੇ ਹਫ਼ਤੇ ਸ਼ੁਰੂ ਹੁੰਦਾ। ਇਹ ਮਹੀਨਾ ਬਸੰਤ ਰੁੱਤ ਦੇ ਆਗਮਨ ਦਾ ਸੂਚਕ ਹੈ। ਹੋਲੀ ਤੇ ਹੋਲਾ ਮਹੱਲਾ ਇਸੇ ਮਹੀਨੇ ਮਨਾਏ ਜਾਂਦੇ ਹਨ।

ਚੇਤਨਾ ਪ੍ਰਕਾਸ਼ਨ ਦੀਆਂ ਹੋਰ ਬਾਲ ਪੁਸਤਕਾਂ
































Chetna Parkashan
Punjabi Bhawan, Ludhiana-141001

ISBN 938285262-X
9789382852629

Din-Var-Mahine
Rs. 50/-



